# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ,ਚੰਡੀਗੜ੍ਹ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ssapunjab123@gmail.com

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.),ਪੰਜਾਬ।

ਮੀਮੋ ਨੰ:9/5-2010/ਸਸਅ/ਐਫਟੀਬੀ/ਰੈਸ਼ਨਲਾਈਜ਼ੇਸ਼ਨ/1060

ਮਿਤੀ, ਚੰਡੀਗੜ੍ਹ:12-01-2010

**ਵਿਸ਼ਾ: ਰਾਜ ਦੇ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾ ਰਹੇ ਅਧਿਆਪਕਾਂ ਦੀਆਂ ਆਸਾਮੀਆਂ ਦੀ ਰੈਸ਼ਨਲਾਈਜ਼ੇਸ਼ਨ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਆਸਾਮੀਆਂ ਦੀ ਅਸਾਵੀਂ ਵੰਡ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਅਤੇ ਮਾਨਵ ਸਰੋਤਾਂ ਦੀ ਸਹੀ ਵਰਤੋਂ ਨਾ ਹੋਣ ਕਾਰਨ ਰਾਜ ਦੇ ਖਜਾਨੇ ਵਿੱਚੋਂ ਦਿੱਤੀਆਂ ਜਾਣ ਵਾਲੀਆਂ ਤਨਖ਼ਾਹਾਂ ਇੱਕ ਤਰਾਂ ਨਾਲ ਅਜਾਈਂ ਜਾ ਰਹੀਆਂ ਹਨ।

2.0 ਇਸ ਦੇ ਮੱਦੇ-ਨਜ਼ਰ ਰਾਜ ਸਰਕਾਰ ਵੱਲੋਂ **ਪਿੱਠ ਅੰਕਣ ਨੰ:18/348/09-5ਸਿ2-6514-23ਮਿਤੀ ਚੰਡੀਗੜ੍ਹ: 29-12-2009** ਰਾਹੀਂ ਸਮੂਹ ਅਧਿਆਪਕਾਂ ਦੀਆਂ ਆਸਾਮੀਆਂ ਦੀ ਰੈਸ਼ਨਲਾਈਜ਼ੇਸ਼ਨ ਕਰਨ ਬਾਰੇ ਹੁਕਮ ਜਾਰੀ ਕੀਤੇ ਗਏ ਹਨ।ਸਰਕਾਰ ਵੱਲੋਂ ਜਾਰੀ ਰੈਸ਼ਨਲਾਈਜ਼ੇਸ਼ਨ ਪਾਲਿਸੀ ਦੀ ਕਾਪੀ ਇਸ ਦਫ਼ਤਰ ਦੀ ਵੈਬ-ਸਾਈਟ www.ssapunjab.org 'ਤੇ ਅੱਪਲੋਡ ਕੀਤੀ ਗਈ ਹੈ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਨੂੰ ਬੇਨਤੀ ਹੈ ਕਿ ਰੈਸ਼ਨਲਾਈਜ਼ੇਸ਼ਨ ਪਾਲਿਸੀ ਨੂੰ ਮੁੱਖ ਰੱਖ ਕੇ ਮਿਤੀ 28-02-2010 ਤੋਂ ਪਹਿਲਾਂ-2 ਇਸ ਦਫ਼ਤਰ ਨੂੰ ਤਜਵੀਜ਼ ਬਣਾ ਕੇ ਭੇਜਣ ਤਾਂ ਕਿ ਅਗਲੇ ਵਿਦਿਅਕ ਸੈਸ਼ਨ ਤੋਂ ਇਸ ਨੂੰ ਲਾਗੂ ਕੀਤਾ ਜਾ ਸਕੇ।

**ਨੋਟ:** ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

1. ਲੈਕ:ਕਾਡਰ ਲਈ - ਸ਼੍ਰੀ ਰਾਜੀਵ ਸ਼ਰਮਾ,ਏ ਐਸ ਪੀ ਡੀ (ਐਜੂਸੈਟ) 9988551133
2. ਮਾਸਟਰ ਕਾਡਰ - ਅਮਰਜੀਤ ਸਿੰਘ, ਏ ਐਸ ਪੀ ਡੀ (ਟੈਕ.ਬੁਕਸ/ਪ੍ਰੋਕ.) 9478200130

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਉਹਨਾਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ ਸਕੂਲ ਸਿੱਖਿਆ,ਪੰਜਾਬ ਸਰਕਾਰ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਸਰਕਾਰ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿੱ.), ਪੰਜਾਬ ਸਰਕਾਰ।
4. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.), ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ।**

**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ।**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ ਸਸਅ/ਟੀਬੀ/22396
ਮਿਤੀ ਚੰਡੀਗੜ੍ਹ 27 ਜਨਵਰੀ, 2010

ਵਿਸ਼ਾ ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਹਿਤ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਨ ਅਤੇ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚਿਆਂ ਦੀ ਐਨਰੋਲਮੈਂਟ ਨੂੰ ਯਕੀਨੀ ਬਣਾਉਣ ਬਾਰੇ ।

1.0 ਉਪਰੋਕਤ ਵਿਸ਼ੇ ਤੇ ਸਮੇਂ ਸਮੇਂ ਸਿਰ ਸਰਕਾਰ ਵੱਲੋਂ ਜਾਰੀ ਕੀਤੀ ਗਈਆਂ ਹਦਾਇਤਾਂ ਅਤੇ ਹੁਕਮਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਆਪ ਜੀ ਤੋਂ ਲੋੜੀਂਦਾ ਮਸੌਦਾ ਪ੍ਰਾਪਤ ਕਰਨ ਉਪਰੰਤ ਸਰਕਾਰ ਵੱਲੋਂ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਅਨੁਸਾਰ ਲੋੜਵੰਦ ਸਕੂਲਾਂ ਵਿੱਚ ਅਧਿਆਪਕ ਮੁਹੱਈਆ ਕਰਵਾਉਣ ਲਈ ਹੁਕਮ ਜਾਰੀ ਕੀਤੇ ਗਏ ਸਨ । ਆਪ ਜੀ ਨੂੰ ਸ਼ਖਤ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਇਨ੍ਹਾਂ ਹੁਕਮਾਂ ਦੀ ਤੁਰੰਤ ਪਾਲਣਾ ਕਰਵਾਈ ਜਾਵੇ । ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਕੁੱਝ ਤਬਦੀਲੀਆਂ ਬਾਰੇ ਸੂਚੀਆਂ ਵੀ ਪ੍ਰਾਪਤ ਹੋਈਆਂ ਸਨ ਜੋ ਕਿ ਪ੍ਰਵਾਨਗੀ ਉਪਰੰਤ ਆਪ ਜੀ ਨੂੰ ਭੇਜ ਦਿੱਤੀ ਗਈ ਸੀ ।

3.0 ਪਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਅਜੇ ਵੀ ਆਪ ਜੀ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰਵਾਈ ਗਈ ਹੈ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਸਾਰੇ ਕੇਸਾਂ ਦੇ ਵੇਰਵੇ 10.2.2010 ਤੀਕ ਸਰਕਾਰ ਨੂੰ ਦਿੱਤੇ ਜਾਣ ਜਿਨ੍ਹਾਂ ਵਿੱਚ ਹੁਕਮਾਂ ਦੀ ਪਾਲਣਾ ਨਹੀਂ ਕਰਵਾਈ ਗਈ । ਇਹ ਦੱਸਿਆ ਜਾਵੇ ਕਿ ਇਹ ਹੁਕਮ ਆਪ ਜੀ ਵੱਲੋਂ ਕਿਉਂ ਲਾਗੂ ਨਹੀਂ ਕਰਵਾਏ ਗਏ।

4.0 ਇਸ ਦੇ ਨਾਲ ਹੀ ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਅਗਲੇ ਅਕਾਦਮਿਕ ਸ਼ੈਸ਼ਨ ਲਈ ਵੀ ਪੰਜਾਬ ਰਾਜ ਦੇ ਸਕੂਲਾਂ ਵਿੱਚ ਵੱਧ ਤੋਂ ਵੱਧ ਐਨਰੋਲਮੈਂਟ ਕਰਵਾਉਣ ਲਈ ਯਤਨ ਹੁਣ ਤੋਂ ਹੀ ਸ਼ੁਰੂ ਕਰ ਦਿੱਤੇ ਜਾਣ । ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟਸ ਵੱਲੋਂ ਜਨਵਰੀ ਵਿੱਚ ਹੀ ਬੱਚਿਆਂ ਨੂੰ ਐਨਰੋਲ ਕਰ ਲਿਆ ਜਾਂਦਾ ਹੈ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਹਰੇਕ ਸਕੂਲ ਵਿੱਚ ਪੇਂਡੂ ਸਿੱਖਿਆ ਵਿਕਾਸ ਕਮੇਟੀ ਨਾਲ ਰਾਬਤਾ ਪੈਦਾ ਕਰਦੇ ਹੋਏ ਅਤੇ ਆਂਗਨਵਾੜੀ ਵਰਕਰਾਂ ਦੀ ਮਦਦ ਲੈ ਕੇ ਸਕੂਲਾਂ ਦੀ ਐਨਰੋਲਮੈਂਟ ਵਧਾਈ ਜਾਵੇ । ਇਨ੍ਹਾਂ ਬੱਚਿਆ ਦੇ ਦਾਖਲੇ ਹੁਣ ਤੋਂ ਹੀ ਸ਼ੁਰੂ ਕਰ ਦਿੱਤੇ ਜਾਣ ਭਾਵੇਂ ਕਿ ਇਨ੍ਹਾਂ ਬੱਚਿਆਂ ਦੀ ਪੜ੍ਹਾਈ 01 ਅਪ੍ਰੈਲ, 2010 ਤੋਂ ਕਰਵਾਈ ਜਾਵੇਗੀ ।

5.0 ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਹੋਈ ਐਨਰੋਲਮੈਂਟ ਦੇ ਮੱਦੇ ਨਜ਼ਰ ਸਰਕਾਰ ਦੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਤਹਿਤ ਆਪਣੇ ਜ਼ਿਲ੍ਹੇ ਦੀ ਤਜਵੀਜ਼ ਵੀ 20.4.2010 ਤੀਕ ਭੇਜੀ ਜਾਵੇ ਤਾਂ ਜੋ ਇਹ ਸਾਰਾ ਕੰਮ 30 ਅਪ੍ਰੈਲ, 2010 ਤੀਕ ਸਿਰੇ ਚਾੜ੍ਹਿਆ ਜਾ ਸਕੇ ਤਾਂ ਜੋ ਇਸ ਉਪਰੰਤ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਤਹਿਤ ਬਾਅਦ ਵਿੱਚ ਕੋਈ ਟਰਾਂਸਫਰ ਨਾ ਕਰਨੀ ਪਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਚੰਡੀਗੜ੍ਹ।
# ਐਸ ਸੀ ਓ 104-06, ਸੈਕਟਰ 34- ਏ ਚੰਡੀਗੜ।

## ਹੁਕਮ

ਰਾਜ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਤਰਕਸੰਗਤ ਕਰਨ ਹਿੱਤ ਸਰਕਾਰ ਦੇ ਹੁਕਮ ਨੰ: ਪਿੱਠ ਅੰਕਣ ਨੰ: 18/348/09-5ਸਿ2-6514-23 ਮਿਤੀ ਚੰਡੀਗੜ੍ਹ :29-12-2009 ਰਾਹੀਂ ਰੈਸ਼ਨੇਲਾਈਜੇਸ਼ਨ ਨੀਤੀ ਜਾਰੀ ਕੀਤੀ ਸੀ, ਦੀ ਮੱਦ (ਏ-iii) ਵਿੱਚ ਪੀਰੀਅਡ ਵੰਡ ਨੂੰ ਹੇਠਾਂ ਦਰਸਾਈ ਸਾਰਣੀ ਅਨੁਸਾਰ ਪੜ੍ਹਿਆ ਜਾਵੇ :

| ਲੜੀ ਨੰ: | ਸਟਰੀਮ /ਗਰੁੱਪ | ਵਿਸ਼ਾ | ਪੀਰੀਅਡਾਂ ਦੀ ਗਿਣਤੀ | |
|---|---|---|---|---|
| | | | ਥਿਊਰੀ | ਪਰੈਕਟੀਕਲ |
| 1 | ਸਾਇੰਸ ਮੈਡੀਕਲ / ਨਾਨ ਮੈਡੀਕਲ | ਫਿਜਿਕਸ | 6 | 4 |
| | | ਕੈਮਿਸਟਰੀ | 6 | 4 |
| | | ਬਾਇਆਲੋਜੀ | 6 | 4 |
| | | ਮੈਥ | 10 | ਲਾਗੂ ਨਹੀ |
| 2 | ਹਿਊਮੈਨਟੀਜ਼ ਗਰੁੱਪ | ਹਿਸਟਰੀ | 6 | ਲਾਗੂ ਨਹੀ |
| | | ਪੋਲ ਸਾਇੰਸ | 6 | ਲਾਗੂ ਨਹੀ |
| | | ਇਕਨਾਮਿਕਸ | 6 | ਲਾਗੂ ਨਹੀ |
| | | ਸੋਸ਼ਿਆਲੋਜੀ | 6 | ਲਾਗੂ ਨਹੀ |
| | | ਸਰੀਰਿਕ ਸਿੱਖਿਆ | 6 | ਲਾਗੂ ਨਹੀ |
| | | ਮਿਊਜ਼ਿਕ | 6 | ਲਾਗੂ ਨਹੀ |
| | | ਫਾਈਨ ਆਰਟਸ | 6 | ਲਾਗੂ ਨਹੀ |
| | | ਜੋਗਰਫੀ | 6 | 3 |
| | | ਹੋਮ ਸਾਇੰਸ | 6 | 3 |
| | | ਐਗਰੀਕਲਚਰ | 6 | 3 |
| 3 | ਭਾਸ਼ਾਵਾਂ | ਲਾਜ਼ਮੀ ਪੰਜਾਬੀ | 6 | ਲਾਗੂ ਨਹੀ |
| | | ਲਾਜ਼ਮੀ ਅੰਗਰੇਜ਼ੀ | 6 | ਲਾਗੂ ਨਹੀ |
| | | ਇਲੈਕਟਿਵ ਪੰਜਾਬੀ/ਹਿੰਦੀ/ਅੰਗਰੇਜ਼ੀ | 9 | ਲਾਗੂ ਨਹੀ |
| 4 | ਕਾਮਰਸ ਗਰੁੱਪ | ਬਿਜਨਸ ਸਟਡੀਜ਼- I / II | 6 | ਲਾਗੂ ਨਹੀ |
| | | ਅਕਾਊਂਟੈਂਸੀ I / II | 6 | ਲਾਗੂ ਨਹੀ |
| | | ਬਿਜਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ I / II | 6 | ਲਾਗੂ ਨਹੀ |
| | | ਮਾਡਰਨ ਆਫਿਸ ਪ੍ਰੈਕਟਿਸ / ਫੰਡਾਮੈਂਟਲ ਆਫ ਈ-ਬਿਜਨਸ | 6 | ਲਾਗੂ ਨਹੀ |
| **ਸਾਰੇ ਗਰੁੱਪਾਂ ਲਈ ਜਰੂਰੀ** | | | | |
| | | ਵਾਤਾਵਰਣ ਸਿੱਖਿਆ | 2 | |
| | | ਕੰਪਿਉਟਰ ਸਿੱਖਿਆ | 2 | 2 |

ਮਿਤੀ:ਚੰਡੀਗੜ੍ਹ:

**ਮਨਦੀਪ ਸਿੰਘ ਸੰਧੂ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਸਿੱਖਿਆ ਵਿਭਾਗ (ਸਕੂਲਜ਼)**

ਪਿੱਠ ਅੰਕਣ ਨੰ:9/5-2010/ਸਸਅ/ਐਫਟੀਬੀ/ਰੈਸ਼./32865 ਮਿਤੀ ਚੰਡੀਗੜ੍ਹ:19-04-2010

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ, ਚੰਡੀਗੜ੍ਹ ਨੂੰ ਉਕਤ ਪਾਲਿਸੀ / ਹਦਾਇਤਾਂ ਦੀ ਇੰਨ ਬਿੰਨ ਪਾਲਣਾ ਹਿੱਤ।
2) ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.) ਪੰਜਾਬ, ਚੰਡੀਗੜ੍ਹ ।
3) ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
4) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਪੰਜਾਬ।
5) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਪੰਜਾਬ।
6) ਸੁਪਰਡੰਟ ਸਿੱਖਿਆ -2,3,4,5,6 ਅਤੇ 7 ਸ਼ਾਖਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਅੰਦਰੂਨੀ ਵੰਡ:

ੳ) ਸਕੱਤਰ /ਸਿੱਖਿਆ ਮੰਤਰੀ ਪੰਜਾਬ ।
ਅ) ਨਿਜੀ ਸਕੱਤਰ / ਮੁੱਖ ਸੰਸਦੀ ਸਕੱਤਰ ਸਿੱਖਿਆ ਪੰਜਾਬ ।
ੲ) ਨਿਜੀ ਸਕੱਤਰ / ਸਕੂਲ ਸਿੱਖਿਆ ਪੰਜਾਬ ।
ਸ) ਨਿਜੀ ਸਹਾਇਕ / ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ (ਐਮ)।
ਹ) ਨਿਜੀ ਸਹਾਇਕ / ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ (ਕੇ)।